ਇਹ ਮੈਂ ਅੱਖੀਂ ਵੇਖਿਆ

ਅਨੁਵਾਦਿਕ - ਪਿਆਰਾ ਸਿੰਘ 'ਸਹਿਰਾਈ'

SARDAR DYAL SINGH LAHORE LIBRARY

ਲਾਹੌਰ

ਪ੍ਰੀਤ ਨਗਰ ਸ਼ਾਪ

੩੦ ਨਿਸਬਤ ਰੋਡ

940.53
ਸ ਪੰ ਵਿ
29345

ਅਰੰਭਕ ਸ਼ਬਦ

*

'ਜਿਥੋਂ ਦੀ ਮੈਂ ਲੰਘ ਜਾਵਾਂਗਾ, ਉਥੇ ਘਾਹ ਦਾ ਇਕ ਤੀਲਾ ਵੀ ਨਾ ਉਗ ਸਕੇਗਾ'। ਇਹ ਐਟਲਾ ਦੇ ਲਫ਼ਜ਼ ਹਨ, ਜਿਹੜਾ ਹੁੰਨ ਕੌਮ ਦਾ ਇਕ ਜ਼ਾਲਮ ਬਾਦਸ਼ਾਹ ਹੋਇਆ ਹੈ। ਹੁੰਨਾਂ ਦੇ ਅਤਿਆਚਾਰਾਂ ਦੀਆਂ ਕਹਾਣੀਆਂ ਨਾਲ ਇਤਿਹਾਸ ਦੇ ਅਨੇਕਾਂ ਪਤਰੇ ਭਰੇ ਪਏ ਹਨ; ਪਰ ਉਹ ਅਜ ਹਿਟਲਰ ਦੀ ਦਰਿੰਦਗੀ, ਵਹਿਸ਼ੀਪਣੇ ਤੇ ਅਤਿਆਚਾਰਾਂ ਸਾਹਮਣੇ ਮਾਤ ਪੈ ਜਾਂਦੇ ਹਨ। ਯੂਰਪ ਤੇ ਖ਼ਾਸ ਕਰ ਸੋਵੀਅਟ ਰੂਸ ਦੇ ਹਥ ਆਏ ਇਲਾਕਿਆਂ ਵਿਚ ਜਿਹੜੇ ਜ਼ੁਲਮ ਹਿਟਲਰ ਦੇ ਹੁਕਮ ਥਲੇ ਉਹਦੀਆਂ ਖ਼ੂਨੀ ਧਾੜਾਂ ਨੇ ਢਾਏ ਹਨ, ਤੇ ਜਿਹੜੇ ਜਨਤਕ ਕਤਲਾਮ ਕੀਤੇ ਹਨ, ਉਨ੍ਹਾਂ ਦੀ ਮਿਸਾਲ ਤਾਰੀਖ਼ ਵਿਚ ਕਿਤੇ ਨਹੀਂ ਮਿਲਦੀ।

ਹਿਟਲਰ ਮਨੁਖਾਂ ਦੇ ਲਹੂ ਦਾ ਤਿਹਾਇਆ ਹੈ, ਤਹਿਜ਼ੀਬ ਦਾ ਦੁਸ਼ਮਣ ਹੈ, ਸਭਿਅਤਾ ਦਾ ਵੈਰੀ ਹੈ। ਉਹ ਬੰਦੇ ਦੇ ਰੂਪ ਵਿਚ ਸ਼ੈਤਾਨ ਹੈ। ਲਖਾਂ ਜਿੰਦਾਂ ਦਾ ਖ਼ੂਨ ਉਹਦੇ ਸਿਰ ਹੈ, ਸੈਂਕੜੇ ਸ਼ਹਿਰਾਂ ਤੇ ਹਜ਼ਾਰਾਂ ਪਿੰਡਾਂ ਨੂੰ ਸੁਆਹ ਦੇ ਢੇਰ ਉਸ ਬਣਾਇਆ ਹੈ। ਮਨੁਖ ਦੀ ਉਮਰਾਂ ਦੀ ਖਟੀ ਚੋਂ ਲਾਟਾਂ ਉਚੀਆਂ ਕੀਤੀਆਂ ਹਨ। ਦੁਨੀਆ ਉਹਨੂੰ ਕਦੇ ਵੀ ਮੁਆਫ਼ ਨਹੀਂ ਕਰੇਗੀ। ਇਸ ਪਾਗਲ ਤੋਂ ਗਿਣ ਗਿਣ ਕੇ ਹਿਸਾਬ ਲਿਆ ਜਾਵੇਗਾ।

ਸੋਵੀਅਟ ਰੂਸ ਵਿਚ ਜਿਹੜੀ ਤਬਾਹੀ ਹਿਟਲਰੀ ਦੈਂਤਾਂ ਨੇ ਮਚਾਈ ਹੈ, ਉਹ ਸਰਕਾਰੀ ਤੌਰ ਤੇ ਐਲਾਨ ਹੋ ਚੁਕੀ ਹੈ। ਕਈਆਂ ਗ਼ੈਰ ਰੂਸੀਆਂ ਨੇ

ਜਾ ਕੇ ਇਹ ਤਬਾਹੀ ਆਪਣੇ ਅਖੀਂ ਵੇਖੀ ਹੈ ਤੇ ਸੋਵੀਅਟ ਦੀ ਸਰਕਾਰੀ ਰੀਪੋਰਟ ਤੇ ਮੋਹਰ ਲਾਈ ਹੈ। ਇਸ ਪੈਂਫਲਿਟ ਵਿਚ ਉਹ ਭਿਆਨਕ ਦ੍ਰਿਸ਼ ਦਰਜ ਹਨ, ਜੋ ਅਮਰੀਕਾ ਦੇ ਇਕ ਮਸ਼ਹੂਰ ਲਿਖਾਰੀ ਐਡਗਰ ਸਨੇ ਨੇ ਆਪ ਅਖੀਂ ਵੇਖ ਕੇ ਅਮਰੀਕਾ ਦੇ ਇਕ ਮਸ਼ਹੂਰ ਰਿਸਾਲੇ ਵਿਚ ਛਾਪੇ ਸਨ।

ਐਡਗਰ ਸਨੋ ਚੀਨ ਤੇ ਹਿੰਦੁਸਤਾਨ ਦਾ ਇਕ ਵਡਾ ਅਮਰੀਕਨ ਮਿੱਤਰ ਹੈ। ਉਹ ਇਹਨਾਂ ਦੇਸ਼ਾਂ ਦੇ ਹਕ ਵਿਚ ਹਮੇਸ਼ਾ ਆਪਣੀ ਆਵਾਜ਼ ਉਚੀ ਕਰਦਾ ਰਿਹਾ ਹੈ। ਚੀਨ ਉਤੇ ਜਗਤ ਪ੍ਰਸਿੱਧ ਕਿਤਾਬ 'ਰੈਡ ਸਟਾਰ ਓਵਰ ਚਾਈਨਾ' ਉਸੇ ਦੀ ਲਿਖਤ ਹੈ

ਸੋਵੀਅਟ ਦੀ 'ਪੜਤਾਲੀਆ ਕਮੇਟੀ' ਨੇ ਆਪਣੇ ਬਿਆਨ ਵਿਚ ਲਿਖਿਆ ਹੈ ਕਿ "ਇਤਿਹਾਸ ਵਿਚ ਲੋਕਾਂ ਦੇ ਏਸ ਤਰ੍ਹਾਂ ਦੇ ਕਤਲਾਮ ਤੇ ਉਨ੍ਹਾਂ ਦਾ ਖੁਰਾ ਖੋਜ ਮਿਟਾ ਦੇਣ ਦੀ ਮਿਸਾਲ ਕਿਧਰੇ ਨਹੀਂ ਮਿਲਦੀ..... ਅਸਾਂ ਆਪ ਉਜਾੜ ਗਲੀਆਂ ਨੂੰ ਤਸੀਹੇ ਦੇ ਦੇ ਮਾਰੀਆਂ ਇਸਤ੍ਰੀਆਂ ਤੇ ਮਰਦਾਂ ਦੀਆਂ ਲੋਥਾਂ ਨਾਲ ਭਰਿਆ ਤਕਿਆ ਹੈ। ਗਿਰਜਿਆਂ ਦੇ ਤਬੇਲੇ ਬਣਾਏ ਗਏ ਹਨ.....ਜਿਨ੍ਹਾਂ ਦੀ ਲੋੜ ਨਹੀਂ, ਉਹਨਾਂ ਨੂੰ ਹਿਟਲਰੀ ਫ਼ੌਜ ਕਸ਼ਟ ਦੇਂਦੀ ਤੇ ਮਾਰ ਦੇਂਦੀ ਹੈ, ਤੇ ਜਿਹੜੇ ਉਹਨਾਂ ਦਾ ਕੰਮ ਕਰਨ ਦੇ ਯੋਗ ਹੋਣ, ਉਹਨਾਂ ਨੂੰ ਗ਼ੁਲਾਮ ਬਣਾ ਕੇ ਜਰਮਨੀ ਭੇਜ ਦਿਤਾ ਜਾਂਦਾ ਹੈ।..... ਰਜ਼ੇਵ ਸ਼ਹਿਰ ਦੇ ਕੇਂਦਰੀ ਚੋਕ ਵਿਚ, ਜਿਥੇ ਪਹਿਲਾਂ ਲੈਨਿਨ ਦਾ ਬੁਤ ਖਲੋਤਾ ਸੀ, ਫਾਂਸੀਆ ਗਡ ਕੇ ਸੈਆਂ ਲੋਕਾਂ ਨੂੰ ਫਾਹੇ ਲਾਇਆ ਗਿਆ।.....ਰਜ਼ੇਵ ਛਡਣ ਤੋਂ ਪਹਿਲਾਂ ਉਹਨਾਂ ਹਰ ਇਕ ਚੀਜ਼ ਤਬਾਹ ਕਰ ਦਿਤੀ..... ਏਥੋਂ ਦੇ ਚੋਦਾਂ ਗਿਰਜੇ ਢਾਹ ਢੇਰੀ ਕੀਤੇ ਤੇ ਅੰਤਲੇ ਵਿਚ ਉਹਨਾਂ ਬਚੇ ਖੁਚੇ ਸ਼ਹਿਰੀਆਂ ਨੂੰ ਬੰਦ ਕਰ ਕੇ ਇਸ ਥਲੇ ਸੁੰਰਗਾਂ ਵਿਛਾ ਦਿਤੀਆਂ। ਪਰ ਲਾਲ ਫ਼ੌਜ ਆ ਗਈ ਤੇ ਡਾਇਸਟਾਂ ਪਾਸ ਗਿਰਜੇ ਨੂੰ ਉਡਾਣ ਦਾ ਸਮਾਂ ਨਾ ਰਿਹਾ (ਐਡਗਰ ਸਨੋ ਏਸੇ ਗਿਰਜੇ ਦਾ ਜ਼ਿਕਰ ਕਰਦਾ ਹੈ).....ਅਗ ਲਾਊਆਂ ਦੇ ਸਪੈਸ਼ਲ ਦਸਤਿਆਂ ਨੇ ਸਕੂਲਾਂ,

ਥੇਟਰਾਂ, ਅਜੈਬ ਘਰਾਂ, ਲਾਇਬਰੇਰੀਆਂ, ਹਸਪਤਾਲਾਂ, ਗਿਰਜਿਆਂ ਤੇ ਕਾਰਖ਼ਾਨਿਆਂ ਨੂੰ ਸਾੜ ਫੂਕ ਕੇ ਸੁਆਹ ਦੇ ਢੇਰ ਬਣਾਇਆ..... ਵਿਆਜ਼ਮਾ ਵਿਚ ੫੫ ਹਜ਼ਾਰ ਇਮਾਰਤਾਂ ਵਿਚੋਂ ਤਬਾਹੀ ਹਥੋਂ ਸਿਰਫ਼ ੫੧ ਹੀ ਬਚ ਸਕੀਆਂ। ਵਾਪਸ ਹੁੰਦੇ ਜਰਮਨਾਂ ਨੇ ਖੂਹਾਂ ਵਿਚ ਜ਼ਹਿਰ ਪਾ ਦਿਤਾ, ਗਿਰਜੇ ਤੇ ਪੁਲ ਢਾਹ ਦਿਤੇ..... ਸਿਚੇਵਕਾ ਵਿਚ ੧੦੩੦ ਵਿਚੋਂ ੭੭੦ ਘਰਾਂ ਨੂੰ ਸਾੜ ਦਿਤਾ ਗਿਆ, ਤੇ ਅਜਾਇਬ ਘਰ, ਜਿਸ ਵਿਚ ਅਮੋਲ ਚਿੱਤਰ, ਬੁਤਕਾਰੀ ਦੇ ਨਮੂਨੇ ਤੇ ਇਤਿਹਾਸਕ ਵਸਤਾਂ ਸਨ, ਅਗ ਦੀ ਭੇਟ ਕਰ ਦਿਤਾ।..... ਜ਼ਿਲੇ ਭਰ ਦੇ ੨੪੯ ਪਿੰਡਾਂ ਵਿਚੋਂ ੧੩੭ ਨੂੰ ਮਿਟੀ ਵਿਚ ਮਿਲਾ ਦਿਤਾ ਗਿਆ।''

ਨਾਜ਼ੀਆਂ ਦੇ ਜ਼ੁਲਮਾਂ ਦੀ ਕਹਾਣੀ ਏਥੇ ਹੀ ਮੁਕ ਨਹੀਂ ਜਾਂਦੀ। ਇਹ ਤਾਂ ਇਕ ਲੰਬੀ ਦਾਸਤਾਨ ਦੀਆਂ ਕੁਝ ਕੁ ਸਤਰਾਂ ਹੀ ਹਨ। ਹਜ਼ਾਰਾਂ ਚੋਂ ਦੋ ਚਾਰ ਮਿਸਾਲਾਂ ਹਨ। ਪਰ ਇਹਨਾਂ ਤੋਂ ਹੀ ਸਾਨੂੰ ਹਿਟਲਰ ਤੇ ਉਹਦੇ 'ਨਵੇਂ ਪ੍ਰਬੰਧ' ਦੇ ਚਿਹਨ ਚੱਕਰ ਸਾਫ਼ ਦਿਸਣ ਲਗ ਪੈਂਦੇ ਹਨ। ਐਡਗਰ ਸਨੋ ਦੀ ਲਿਖਤ ਵਿਚ ਜਾਦੂ ਹੈ। ਉਹ ਸੋਵੀਅਟ ਦੇਸ਼ ਦੀ ਦੁਖਾਂਤ ਕਹਾਣੀ ਸੁਣਾਂਦਾ ਹੈ, ਪਰ ਲਫ਼ਜ਼ਾਂ ਵਿਚ ਉਹਦਾ ਆਪਣਾ ਦਿਲ ਤੜਫਦਾ ਮਹਿਸੂਸ ਹੁੰਦਾ ਹੈ। ਉਸਨੇ ਰੂਸੀਆਂ ਦੀ ਆਤਮਾ ਨੂੰ ਪੜ੍ਹ ਲਿਆ ਹੈ – ਉਹਨਾਂ ਮਹਾਨ ਲੋਕਾਂ ਦੀ ਆਤਮਾ ਨੂੰ, ਜਿਨ੍ਹਾਂ ਨੂੰ ਕੋਈ ਤਾਕਤ ਹਰਾ ਨਹੀਂ ਸਕਦੀ, ਕੋਈ ਮੁਸੀਬਤ ਭੁਲਾ ਨਹੀਂ ਸਕਦੀ। ਤੇ ਐਡਗਰ ਸਨੋ ਏਸ ਗਲ ਲਈ ਬਿਹਬਲ ਹੈ ਕਿ ਦੁਨੀਆ ਤੇ ਖ਼ਾਸ ਕਰ ਅਮਰੀਕਾ ਇਹਨਾਂ ਮਹਾਨ ਲੋਕਾਂ ਨੂੰ ਸਮਝੇ ਤੇ ਇਹਨਾਂ ਦੀ ਮਿੱਤਰਤਾ ਦਾ ਮਾਣ ਪ੍ਰਾਪਤ ਕਰੇ।

ਪ੍ਰੀਤ ਨਗਰ
੧੫–੧੨–੪੩

'ਸਹਿਰਾਈ'



ਇਹ ਮੈਂ ਅੱਖੀਂ ਵੇਖਿਆ

*

ਥੋੜੇ ਦਿਨ ਹੀ ਹੋਏ ਹਨ, ਮੈਂ ਤਿੰਨ ਗੁਰੀਲਿਆਂ ਨੂੰ ਮਿਲਿਆ ਸਾਂ, ਜਿਹੜੇ ਜੰਗਲਾਂ, ਦਲਦਲਾਂ ਤੇ ਪਹਾੜੀਆਂ ਨੂੰ ਚੀਰਦੇ ਹੋਏ ਜਰਮਨ ਮੋਰਚਿਆਂ ਦੇ ਪਿਛੇ ਸਮੋਲੈਂਸਕ ਦੇ ਇਲਾਕੇ 'ਚੋਂ ਦੁਬਾਰਾ ਆਜ਼ਾਦ ਰੂਸ ਵਿਚ ਆਪਣੀ ਲਾਲ ਫੌਜ ਕੋਲ ਆਏ ਸਨ। ਇਹ ਤਿੰਨੇ ਗੁਰੀਲਾ ਸਿਪਾਹੀ ਕੁੜੀਆਂ ਸਨ : ਇਕੀਆਂ ਸਾਲਾਂ ਦੀ ਪਾਨੀਆ, ਪੰਝੀਆਂ ਦੀ ਲੀਜ਼ਾ ਤੇ ਤੇਈਆਂ ਦੀ ਕੈਨੀਆ। ਲੀਜ਼ਾ ਅਗੇ ਵੀ ਇਕ ਵਾਰ ਮੋਰਚਾ ਲੰਘ ਕੇ ਆਈ ਸੀ; ਤੇ ਆਪਣੀ ਰੀਪੋਰਟ ਦੇਣ ਪਿਛੋਂ ਤਿੰਨਾਂ ਦਾ ਵਿਚਾਰ ਫੇਰ ਵਾਪਸ ਜਾਣ ਦਾ ਸੀ।

''ਤੁਸੀਂ ਇਕ ਛਾਪਾ ਮਾਰ ਕਿਵੇਂ ਬਣ ਗਏ?'' ਮੈਂ ਪਾਨੀਆ ਨੂੰ ਪੁਛਿਆ। ਉਹ ਭਰਵੇਂ ਸਰੀਰ ਤੇ ਚੌੜੀਆਂ ਸਾਫ਼ ਅਖਾਂ, ਜਵਾਨ ਮੂੰਹ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.